# ਦਫਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ ਸਿੱਖਿਆ), ਪੰਜਾਬ

**ਕੰਨਪਲੈਕਸ - ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਐਸ.ਏ.ਐਸ. ਨਗਰ,**

**(ਦਫ਼ਤਰੀ ਅਮਲਾ ਸਾਖਾ)**

ਹੁਕਮ ਨੰ:- 985890ਦਅ(2)/2026

ਮਿਤੀ, ਐਸ ਏ ਐਸ ਨਗਰ:-12.02.2026

| ਲੜੀਨੰ: | ਕਰਮਚਾਰੀ ਦਾ ਨਾਂ | ਪਿਤਾ ਦਾ ਨਾਂ | ਜਨਮ ਮਿਤੀ | ਮੌਜੂਦਾ ਅਸਾਮੀ | Equivalent post granted | ਕੈਟਾਗਰੀ | ਸੰਸਥਾ/ ਸਕੂਲ ਦਾ ਨਾਮ/ਜਿਲ੍ਹਾਂ | ਮੁੱਢਲੀ ਤਨਖਾਹ |
|---|---|---|---|---|---|---|---|---|
| 1. | Manoj Kumar | Subhash Chander | 02-08-83 | Physiotherapist (Ied) | Clerk Cum Data Entry Operator | General | Jalandhar (Deo_Ee), DEO(EE) | 19900 |
| 2 | Dheeraj Kumar | Mohinder Dass | 05-02-78 | Physiotherapist (Ied) | Clerk Cum Data Entry Operator | Sc(R & O) | Hoshiarpur (Deo_Ee), DEO(EE) | 19900 |
| 3 | Rit Kamal Kaur | Ranjit Singh Walia | 02-04-84 | Physiotherapist (Ied) | Clerk Cum Data Entry Operator | General | Patiala (Deo_Ee), DEO(EE) | 19900 |
| 4 | Varinder Kaur | Manjit Singh | 19-06-80 | Physiotherapist (Ied) | Clerk Cum Data Entry Operator | General | Mohali (Deo_Ee), DEO(EE) | 19900 |
| 5 | Ravinder Kumar | Bishan Dass | 02-06-81 | Physiotherapist (Ied) | Clerk Cum Data Entry Operator | Sc(R & O) | Nawanshahr (Deo_Ee), DEO(EE) | 19900 |

ਦਫਤਰ ਸਮੱਗਰਾ ਸਿੱਖਿਆ ਅਭਿਆਨ (ਐਸ.ਐਸ.ਏ.) ਅਧੀਨ ਨਾਨ-ਟੀਚਿੰਗ ਦੇ ਠੇਕੇ ਦੇ ਅਧਾਰ ਤੇ ਕੰਮ ਕਰਦੇ ਸਾਰੇ ਕਾਡਰਨੂੰ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਖਰਚਾ-2 ਸਾਖਾ) ਨੋਟੀਫਿਕੇਸਨਨੰ: 07/28/2018-3ਵਿਖ2/910 ਮਿਤੀ 16.12.2019,ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਖਰਚਾ-2 ਸਾਖਾ) ਨੋਟੀਫਿਕੇਸਨਨੰ: FD-FE-201(SE)/48/2021-3FE2/1/1107030/2025 ਮਿਤੀ 22.05.2025, ਸਿੱਖਿਆ ਵਿਭਾਗ, ਪੰਜਾਬ ਸਰਕਾਰ ਵਿੱਚ ਸ਼ਾਮਲ/ਸੰਮਿਲਿਤ ਕਰਦੇ ਹੋਏ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-7 ਸ਼ਾਖਾ) ਦੇ ਹੁਕਮ ਨੰ: SED-EDU/712025-3ED 7/1206812/2025 (2) ਮਿਤੀ 23-09-2025 ਰਾਹੀਂ ਸਿੱਖਿਆ ਵਿਭਾਗ ਪੰਜਾਬ ਦੇ ਨੋਟੀਫਿਕੇਸ਼ਨ ਨੰ-.13/1/2020-5ਸਿ7/277 ਮਿਤੀ 21.10.2020,ਵਿੱਤ ਵਿਭਾਗ ਦੇ ਪੱਤਰ ਨੰ: 7/87/2020-5ਐਫਪੀ/1145 ਮਿਤੀ 29.10.2020, ਸਿੱਖਿਆ ਵਿਭਾਗ ਦੇ ਰੂਲਾਂ ਵਿੱਚ ਸਰਕਾਰ ਦੀ ਗਜਟ 2018 ਦੇਸਾਲ(ਖੇਤਰੀ ਦਫਤਰਾਂ) ਨੋਟੀਫਿਕੇਸਨ ਮਿਤੀ 12.06.2025,ਪੰਜਾਬ ਸਰਕਾਰ ਗਜਟ(EXTRA) ਮਿਤੀ 17.06.2025 ਰਾਹੀ 7th CPC ਦੇ ਸਕੇਲ ਅਧੀਨ ਅਸਾਮੀ/ਪੋਸਟ ਅਨੁਸਾਰ **19900-63200 (level-2)**ਪੇ-ਸਕੇਲ ਲਾਗੂ ਹੋਵੇਗਾ।ਇਨ੍ਹਾਂ ਕੀਤੇ ਗਏ ਉਪਬੰਧਾ ਅਤੇ ਸਰਕਾਰ ਦੀ ਅਧਿਸੂਚਨਾਂ ਨੰ:7/204/2012-4ਐਫਪੀ1./66, ਮਿਤੀ 15.01.2015 ਅਨੁਸਾਰ ਮੁੱਢਲੀ ਤਨਖਾਹ ਦਿੱਤੀਜਾਵੇਗੀ ਅਤੇ ਪੱਤਰਨੰ: 1/06/2016-ਪੀਪੀ/834680/1-2 ਮਿਤੀ 07.09.2016ਰਾਹੀ ਕੀਤੇ ਉਪਬੰਧਾਂ ਅਨੁਸਾਰ ਤਿੰਨ ਸਾਲ ਦੇ ਪਰਖ ਸਮੇ ਦੌਰਾਨ ਹੇਠ ਲਿਖਿਆਂ ਸ਼ਰਤਾਂ ਅਧੀਨ ਰੈਗੂਲਰ ਕੀਤਾ ਜਾਂਦਾ ਹੈ। ਆਪ ਦੀਆਂ ਸੇਵਾਵਾਂ ਨਿਮਨ ਲਿਖਿਤ ਸ਼ਰਤਾਂ ਤਹਿਤ ਹੁਕਮ ਜਾਰੀ ਹੋਣ ਦੀ ਮਿਤੀ ਤੋ ਸਿੱਖਿਆ ਵਿਭਾਗ ਵਿੱਚ ਰੈਗੂਲਰਾਈਜ਼ ਕੀਤੀਆਂ ਜਾਂਦੀਆਂ ਹਨ।

## ਸ਼ਰਤਾਂ

1 ਰੈਗੂਲਰ ਹੋਣ ਵਾਲੇ ਕਰਮਚਾਰੀ/ਕਰਮਚਾਰਨ ਵਿੱਤ ਵਿਭਾਗ (ਵਿੱਤ ਪ੍ਰਸੋਨਲ-1) ਦੀਆਂ ਹਦਾਇਤਾਂ ਮਿਤੀ 15.01.2015 ਅਤੇ ਇਸ ਉਪਰੰਤ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੇ ਪਾਬੰਦ ਹੋਣਗੇ ਅਤੇ ਇਸ ਅਨੁਸਾਰ ਹੀ ਉਹਨਾਂ ਨੂੰ 3 ਸਾਲ ਦੇ ਪਰਖਕਾਲ ਸਮੇਂ ਦੌਰਾਨ ਬਣਦੀ ਤਨਖਾਹ ਦੀ ਅਦਾਇਗੀ ਹੋਵੇਗੀ।

2 ਇਸ ਨਿਯੁਕਤੀ ਤੇ **The Punjab Education Department(Ministerial Staff of Subordinate offices) Group B Service Rules, 2018 , The Punjab Education Department Ministerial and Non-Teaching Staff( Subordinate offices) Group C,2018, The Punjab Education Department Ministerial Staff (Border Area) Group B Service Rules, 2018,The Punjab Education Department Ministerial and Non-Teaching Staff (Border Area) Group C Service Rules, 2018** ਅਤੇ ਸਮੇਂ ਸਮੇਂ ਸਿਰ ਜਾਰੀ ਸੋਧਾ ਲਾਗੂ ਹੋਣਗੀਆ।

3 ਰੈਗੂਲਰ ਹੋਣ ਵਾਲੇ ਕਰਮਚਾਰੀ/ਕਰਮਚਾਰਨ ਨੂੰ 7ਵੇਂ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਸਕੇਲ ਮਿਲਣਯੋਗ ਹੋਣਗੇ।

4 ਰੈਗੂਲਰ ਹੋਣ ਵਾਲੇ ਕਰਮਚਾਰੀ/ਕਰਮਚਾਰਨ ਦੀ ਸੀਨੀਅਰਤਾ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਹੁਕਮਾਂ ਦੀ ਮਿਤੀ ਤੋਂ ਲਾਗੂ ਹੋਵੇਗੀ।

5 ਰੈਗੂਲਰ ਹੋਣ ਵਾਲੇ ਨਾਨ-ਟੀਚਿੰਗ ਕਰਮਚਾਰੀ/ਕਰਮਚਾਰਨ ਸਮੱਗਰਾ ਸਿੱਖਿਆ ਅਭਿਆਨ ਸਕੀਮ ਦੇ ਸੁਚੱਜੇ ਕੰਮਕਾਜ ਹਿੱਤ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਣ ਹਿੱਤ ਆਪਣੀਆ ਮੌਜੂਦਾ ਸੇਵਾਵਾਂ ਦੇ ਨਾਲ ਨਾਲ ਸਰਕਾਰ ਵੱਲੋਂ ਸਮੇਂ-ਸਮੇਂ ਤੇ ਨਿਰਧਾਰਿਤ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸੌਂਪੇ ਜਾਣ ਵਾਲੇ ਕੰਮ ਕਰਨ ਦੇ ਪਾਬੰਦ ਹੋਣਗੇ।

7 ਕਰਮਚਾਰੀ/ਕਰਮਚਾਰਨ ਦੇ ਖਿਲਾਫ ਕੋਈ ਪੁਲਿਸ ਤਫਤੀਸ਼/ ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵੱਲੋਂ ਸਵੈ ਘੋਸ਼ਣਾ ਪੱਤਰ(Self-Declaration)ਦਿੱਤਾ ਜਾਵੇਗਾ। ਕਰਮਚਾਰੀ/ਕਰਮਚਾਰਨ ਨਿਯੁਕਤੀ ਦੀ ਮਿਤੀ ਤੋਂ ਪਹਿਲਾਂ ਚੱਲ ਰਹੇ ਕਿਸੇ ਕੇਸ/ ਦਰਜ ਐਫ.ਆਈ.ਆਰ./ ਇਸਤਗਾਸਾ ਅਤੇ ਕਿਸੇ ਵੀ ਅਦਾਲਤ ਵੱਲੋਂ ਦਿੱਤੀ ਗਈ ਸਜਾ ਆਦਿ ਦੇ ਬਾਰੇ ਸੂਚਨਾਂ ਦਾ ਪੂਰਾ ਵੇਰਵਾ ਆਪਣੇ ਸਵੈ-ਘੋਸ਼ਣਾ ਪੱਤਰ ਵਿੱਚ ਦੇਵੇਗਾ।

8 ਕਰਮਚਾਰੀ/ਕਰਮਚਾਰਨ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁੱਕਣ ਸਬੰਧੀ ਹਲਫਨਾਮਾ ਦੇਵੇਗਾ।

9 ਕਰਮਚਾਰੀ/ਕਰਮਚਾਰਨ ਸਬੰਧਤ ਆਸਾਮੀ ਵਿੱਚ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸ਼ਨਲ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਅਤੇ ਸਰਟੀਫਿਕੇਟ/ਡਿਗਰੀਆਂ ਵੈਲਿਡ ਹੋਣ। ਡਿਸਟੈਂਸ ਮੋਡ ਰਾਹੀਂ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction)ਵਿੱਚ ਹੀ ਕੀਤੀ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਸਹੀ ਨਹੀਂ ਪਾਇਆ ਜਾਂਦਾ ਤਾਂ ਕਰਮਚਾਰੀ/ਕਰਮਚਾਰਨ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।

10 ਕਿ ਕਰਮਚਾਰੀ/ਕਰਮਚਾਰਨ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਚਾਹੇ ਤਾਂ ਉਸ ਲਈ ਲਾਜਮੀ ਹੋਵੇਗਾ ਕਿ ਉਹ ਵਿਭਾਗ ਨੂੰ ਇੱਕ ਮਹੀਨੇ ਦਾ ਨੋਟਿਸ ਦੇਵੇ, ਜਾਂ ਉਸ ਦੇ ਬਦਲੇ ਉਸ ਨੂੰ ਸਾਰੇ ਭੱਤਿਆਂ ਸਮੇਤ ਇੱਕ ਮਹੀਨੇ ਦੀ ਜਾਂ ਜਿੰਨ੍ਹੇ ਦਿਨ ਇੱਕ ਮਹੀਨੇ ਤੋਂ ਘੱਟ ਹੋਣਗੇ, ਦੀ ਤਨਖਾਹ ਜਮ੍ਹਾਂ ਕਰਾਉਣੀ ਪਵੇਗੀ।

11 ਕਰਮਚਾਰੀ/ਕਰਮਚਾਰਨ ਨੂੰ ਨਿਯੁੱਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ।

12 ਇਹ ਸਪੱਸ਼ਟ ਰੂਪ ਵਿੱਚ ਦੱਸਿਆ ਜਾਂਦਾ ਹੈ ਕਿ ਉਹ ਵਿਭਾਗ ਤੋਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਵਿੱਦਿਆ ਹਾਸਲ ਨਹੀਂ ਕਰੇਗਾ।

13 ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਨੰ:11/94/02-4ਪੀ.ਪੀ2/650 ਮਿਤੀ 12.01.2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ।

14 ਕਿ ਕਰਮਚਾਰੀ/ਕਰਮਚਾਰਨ ਦੱਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

15 ਕਿ ਕਰਮਚਾਰੀ/ਕਰਮਚਾਰਨ ਨੂੰ ਸਰਕਾਰੀ ਸੇਵਾ ਵਿੱਚ ਆਉਣ ਦੇ ਸਾਰੇ ਲਾਭ ਉਸਦੀ ਹਾਜਰੀ ਦੀ ਮਿਤੀ ਤੋਂ ਹੀ ਦਿੱਤੇ ਜਾਣਗੇ।

16 ਕਿ ਹਾਜ਼ਰ ਹੋਣ ਉਪਰੰਤ ਕਰਮਚਾਰੀ/ਕਰਮਚਾਰਨ ਇੱਕ ਸਾਲ ਦੇ ਅੰਦਰ-ਅੰਦਰ ਆਪ ਨੂੰ ਸਰਕਾਰ ਵੱਲੋ ਜਾਰੀ ਹਦਾਇਤਾਂ ਅਨੁਸਾਰ ਨਿਰਧਾਰਤ ਸਪੀਡ ਤੇ ਟਾਈਪ ਟੈਸਟ ਪਾਸ ਕਰਨਾ ਹੋਵੇਗਾ, ਉਸ ਉਪਰੰਤ ਹੀ ਸਾਲਾਨਾ ਤਰੱਕੀ/ਉਚੇਰਾ ਗਰੇਡ ਆਦਿ ਮਿਲੇਗਾ।

17 ਉਸਦੀ ਪਹਿਲੀ ਤਨਖਾਹ ਉਸਦੀਆਂ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟਾਂ ਦੀ ਸਬੰਧਿਤ ਬੋਰਡ/ਯੂਨੀਵਰਸਿਟੀ ਪਾਸੋ ਵੈਰੀਫਿਕੇਸਨ ਉਪਰੰਤ ਠੀਕ ਪਾਏ ਜਾਣ ਅਤੇ ਪਰਾਨ ਨੰਬਰ ਅਲਾਟ ਹੋਣਉਪਰੰਤ ਹੀ ਰਲੀਜ਼ ਕੀਤੀ ਜਾਵੇਗੀ।

18 ਕਰਮਚਾਰੀ/ਕਰਮਚਾਰਨ ਨੂੰ ਠੇਕੇ ਦੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀ ਮਿਲੇਗਾ ਸਗੋਂ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀਂ ਨਿਯੁਕਤੀ ਵਜੋਂ ਨਿਯੁਕਤੀ ਮਿਲੀ, ਮੰਨਿਆ ਜਾਵੇਗਾ।

19 ਕਰਮਚਾਰੀ/ਕਰਮਚਾਰਨ ਨੂੰ ਪੰਜਾਬ ਸਰਕਾਰ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਿਜ਼ (ਦੰਡ ਅਤੇ ਅਪੀਲ) ਰੂਲਜ਼ 1970 ਵਿੱਚ ਦਰਜ਼ ਧਾਰਾਵਾਂ ਦਾ ਪਾਬੰਦ ਰਹਿਣਾ ਪਵੇਗਾ।

20 ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ/ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਂਡਿੰਗ ਕਿਸੇ ਕੋਰਟ ਕੇਸ ਦਾ ਜੋ ਅਤਿਮ ਫੈਸਲਾ ਹੋਵੇਗਾ, ਇਨ੍ਹਾਂ ਕਰਮਚਾਰੀ/ਕਰਮਚਾਰਨ ਇਸ ਨਿਯੁਕਤੀ ਤੇ ਲਾਗੂ ਹੋਵੇਗਾ।

21 ਕਰਮਚਾਰੀ/ਕਰਮਚਾਰਨ ਪੰਜਾਬ ਰਾਜ ਵਿੱਚ ਕਿਸੇ ਵੀ ਸਕੂਲ/ਖੇਤਰੀ ਦਫਤਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਲਈ ਪਾਬੰਦ ਹੋਵੇਗਾ।

22 ਕਰਮਚਾਰੀ/ਕਰਮਚਾਰਨ ਵੱਲੋਂ ਜੇਕਰ ਪੇਸ਼ ਕੀਤਾ ਕੋਈ ਸਰਟੀਫ਼ਿਕੇਟ, ਦਸਤਾਵੇਜ਼ ਸਹੀ ਨਹੀਂ ਪਾਇਆ ਜਾਂਦਾ ਤਾਂ ਕਰਮਚਾਰੀ/ਕਰਮਚਾਰਨ ਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਜਾਵੇਗਾ।

23 ਜੇਕਰ ਨਿਯੁਕਤੀ ਪੱਤਰ ਵਿੱਚ ਦਰਜ਼ ਸ਼ਰਤਾਂ ਸਬੰਧੀ ਕੋਈ ਪ੍ਰਸ਼ਨ ਉਤਪੰਨ ਹੁੰਦਾ ਹੈ ਤਾਂ ਉਸ ਸਬੰਧੀ ਮਾਮਲਾ ਨਿਯੁਕਤੀ/ਸਮਰੱਥ ਅਧਿਕਾਰੀ ਵੱਲੋਂ ਵਿਚਾਰਿਆ ਜਾਵੇਗਾ, ਜਿਸ ਦਾ ਫ਼ੈਸਲਾ ਅੰਤਿਮ ਹੋਵੇਗਾ ਅਤੇ ਸਾਰੇ ਸਬੰਧਤਾਂ ਨੂੰ ਮੰਨਣਾ ਪਵੇਗਾ। ਇਸ ਨੁਕਤੇ ਸਬੰਧੀ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਨਿਮਨ ਹਸਤਾਖਰੀ ਇਹ ਸਮਝੇ ਕਿ ਇਸ ਨਿਯੁਕਤੀ ਸਬੰਧੀ ਕਿਸੇ ਵੀ ਨੁਕਤੇ ਦੀ ਪਵਿਤਰਤਾ ਤੁਹਾਡੇ ਵੱਲੋਂ ਭੰਗ ਕੀਤੀ ਗਈ ਹੈ ਤਾਂ ਇਸ ਸਬੰਧੀ ਨਿਮਨ ਹਸਤਾਖਰੀ ਅਜਿਹੀ "ਤੱਥ ਲੱਭਣ ਸਬੰਧੀ ਪੜਤਾਲ" ਕਿਸੇ ਯੋਗ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ/ਕਰਮਚਾਰਨ ਰਾਹੀਂ ਕਰਵਾ ਸਕਦਾ ਹੈ।

24 ਜੇਕਰ ਤੁਸੀਂ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨ ਦੇ ਅੰਦਰ ਅੰਦਰ ਹਾਜਰ ਨਹੀ ਹੁੰਦੇ ਹਨ ਤਾਂ ਇਹ ਨਿਯੁਕਤੀ ਤੁਹਾਡੇ ਦੁਆਰਾ ਠੁਕਰਾਈ ਸਮਝੀ ਜਾਵੇਗੀ ਅਤੇ ਇਸ ਤਰ੍ਹਾਂ ਇਹ ਨਿਯੁੱਕਤੀ ਆਪਣੇ ਆਪ ਹੀ ਰੱਦ ਸਮਝੀ ਜਾਵੇਗੀ।

25 ਕਿ ਉਸ ਨੂੰ ਹਾਜਰ ਹੋਣ ਤੋਂ ਪਹਿਲਾਂ ਸਿਵਲ ਸਰਜਨ/ਮੈਡੀਕਲ ਬੋਰਡ ਪਾਸੋਂ ਮੈਡੀਕਲ ਫਿਟਨੈਸ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ।

26 ਇਸ ਨਿਯੁਕਤੀ ਤੇ ਸਰਕਾਰ ਵਲੋਂ ਸੇਵਾ ਨਿਯਮਾਂ ਅਧੀਨ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈ ਹਦਾਇਤਾਂ/ ਸੋਧਾਂ ਲਾਗੂ ਹੋਣਗੀਆਂ।

**ਗੁਰਿੰਦਰ ਸਿੰਘ ਸੋਢੀ ਪੀ.ਸੀ.ਐਸ**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

ਪਿੱਠ ਅੰਕਣ ਨੰ: ਬ੍ਰਤ੍ਰ3/202652769 ਮਿਤੀ, ਐਸ.ਏ.ਐਸ ਨਗਰ: 24.02.2026

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਬੰਧਿਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ:ਸਿੱ,), ਪੰਜਾਬ।

2. ਸਬੰਧਿਤ ਸੰਸਥਾਂ/ਸਕੂਲ ਮੁੱਖੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਮੀਦਵਾਰ ਨੂੰ ਹਾਜਰ ਕਰਵਾਉਣ ਤੋਂ ਪਹਿਲਾਂ ਉਸ ਵੱਲੋਂ ਅਪਲਾਈ ਕਰਨ ਦਾ ਸਬੂਤ,ਉਸ ਦਾ ਅਸਲ ਅਧਾਰ ਕਾਰਡ, ਵਿੱਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਬਰੀਕੀ ਨਾਲ ਚੈਕ ਕਰਨਗੇ, ਇਹ ਵੀ ਚੈਕ ਕਰਨਗੇ ਕਿ ਡਿਸਟੈਂਸ ਮੋਡ ਰਾਹੀਂ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction)ਵਿੱਚ ਹੀ ਕੀਤੀ ਹੋਵੇ ਅਤੇ ਇਹ ਵੀ ਚੈਕ ਕਰਨਗੇ ਕਿ ਉਮੀਦਵਾਰ ਨਿਯੁਕਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਉਮੀਦਵਾਰ ਦੇ ਸਾਰੇ ਵਿੱਦਿਅਕ ਯੋਗਤਾਵਾਂ ਦੇ ਸਰਟੀਫਿਕੇਟ ਸਬੰਧਤ ਬੋਰਡ/ ਯੂਨੀਵਰਸਿਟੀ ਤੋਂ ਤਿੰਨ ਮਹੀਨੇ ਦੇ ਅੰਦਰ-ਅੰਦਰ ਵੈਰੀਫਾਈ ਕਰਵਾਏ ਜਾਣ। ਜੇਕਰ ਇਸ ਸਬੰਧ ਵਿੱਚ ਕੋਈ ਫੀਸ ਬੋਰਡ/ਯੂਨੀਵਰਸਿਟੀ ਵੱਲੋਂ ਲਈ ਜਾਂਦੀ ਹੈ ਤਾਂ ਉਹ ਸਬੰਧਤ ਉਮੀਦਵਾਰ ਵੱਲੋਂ ਜਮਾਂ ਕਰਵਾਈ ਜਾਵੇਗੀ ਅਤੇ ਉਮੀਦਵਾਰ ਨੂੰ ਹਾਜਰ ਕਰਵਾਉਣ ਉਪਰੰਤ ਉਮੀਦਵਾਰ ਦਾ ਪੂਰਵ ਵਿਵਹਾਰ ਜਿਲ੍ਹਾ ਮੈਜੀਸਟ੍ਰੇਟ ਤੋਂ ਹਦਾਇਤਾਂ ਅਨੁਸਾਰ ਵੈਰੀਫਾਈ ਕਰਵਾਉਣਾ ਯਕੀਨੀ ਬਣਾਉਣਗੇ।

3 ਸਬੰਧਿਤ ਜਿਲਾ ਸਿਵਲ ਸਰਜਨ- ਸਬੰਧਤ ਕਰਮਚਾਰੀ/ਕਰਮਚਾਰਨ ਦਾ ਡਾਕਟਰੀ ਮੁਆਇੰਨਾਂ ਕਰਕੇ ਇਸ ਮੁਆਇੰਨੇ ਦੀ ਰਿਪੋਰਟ ਉਸ ਨੂੰ ਦਸਤੀ ਦੇ ਦਿੱਤੀ ਜਾਵੇ।

4. ਸਬੰਧਿਤ ਕਰਮਚਾਰੀ/ਕਰਮਚਾਰਨ.

24/02/2026

**ਸਹਾਇਕ ਰਜਿਸਟਰਾਰ**